# ਗੁਰ ਕੀ ਸੇਵਾ ਸਬਦੁ ਵੀਚਾਰੁ

## The real service to Guru is to Understand and analyse Shabad and then follow accordingly

ਅੱਜਕਲ ਦੇ ਪ੍ਰਚਾਰ ਅਨੁਸਾਰ ਗੁਰਦੁਆਰਾ ਸਾਹਿਬਾਂ ਵਿਚ ਬਹੁਤ ਸਾਰੀਆਂ ਸੇਵਾਵਾਂ ਦਾ ਜਿਕਰ ਕੀਤਾ ਜਾਂਦਾ ਹੈ, ਜਿਸ ਤਰ੍ਹਾਂ ਕਿ: ਜੋੜਿਆਂ ਦੀ ਸੰਭਾਲ, ਸਫਾਈ, ਬੂਟ ਪਾਲਸ਼, ਲੰਗਰ ਬਣਾਣਾ ਤੇ ਵਰਤਾਣਾ, ਬਰਤਨਾਂ ਦੀ ਸਫਾਈ, ਚਾਦਰਾਂ ਧੋਣੀਆਂ, ਇਮਾਰਤ ਲੰਗਰ ਤੇ ਕੜਾਹ ਪ੍ਰਸ਼ਾਦਿ ਲਈ ਮਾਇਆ, ਅਨਾਜ਼, ਦਾਲਾਂ ਜਾ ਹੋਰ ਚੀਜ਼ਾਂ ਭੇਟ ਕਰਨੀਆਂ, ਆਦਿ। ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦੁਆਰੇ ਦਾ ਝਾੜੂ, ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨਾ, ਆਦਿ।

ਇਨ੍ਹਾਂ ਸੇਵਾਵਾਂ ਦਾ ਸੰਬੰਧ ਜਿਆਦਾ ਤਰ ਸਰੀਰਕ ਤਲ ਤੇ ਕੀਤੀਆਂ ਜਾ ਰਹੀਆਂ ਕਿਰਿਆਵਾਂ ਨਾਲ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਇਨ੍ਹਾਂ ਬਹੁਤ ਸਾਰੀਆਂ ਸੇਵਾਵਾਂ ਦਾ ਸਿਧੇ ਤੌਰ ਤੇ ਬਹੁਤ ਘਟ ਜਿਕਰ ਮਿਲਦਾ ਹੈ। ਜਿਸ ਸੇਵਾ ਦਾ ਗੁਰਬਾਣੀ ਵਿਚ ਸਿਧੇ ਤੌਰ ਤੇ ਬਹੁਤ ਵਾਰੀ ਜਿਕਰ ਮਿਲਦਾ ਹੈ, ਉਹ ਸੇਵਾ ਸਾਡੇ ਬਹੁਤ ਸਾਰੇ ਗੁਰਦੁਆਰਾ ਸਾਹਿਬਾਂ ਦੀਆਂ ਸੇਵਾਵਾਂ ਦੀ ਲਿਸਟ ਵਿਚ ਹੀ ਨਹੀਂ ਵੇਖੀ ਜਾਂਦੀ ਹੈ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਗੁਰ ਦੇ ਸਬਦੁ ਦੀ ਵੀਚਾਰੁ ਹੀ ਅਸਲੀ ਜਪ, ਤਪ, ਸੰਜਮ ਤੇ ਪਾਠ ਹੈ, ਤੇ ਗੁਰੂ ਦੇ ਸਬਦੁ ਦੀ ਵੀਚਾਰੁ ਹੀ ਅਸਲੀ ਸੇਵਾ ਹੈ। ਗੁਰ ਸਬਦ ਦੁਆਰਾ ਅਕਾਲ ਪੁਰਖੁ ਨਾਲ ਡੂੰਘੀ ਸਾਂਝ ਪਾਣੀ ਚਾਹੀਦੀ ਹੈ, ਸਤਿਗੁਰ ਨਾਲ ਪ੍ਰੀਤ ਹੀ ਅਸਲੀ ਸਫਲ ਸੇਵਾ ਹੈ। ਮੁਕਤੀ ਤੇ ਅਕਾਲ ਪੁਰਖੁ ਦੇ ਮਿਲਾਪ ਲਈ, ਸਬਦ ਗੁਰੂ ਤੇ ਇਕ ਅਕਾਲ ਪੁਰਖੁ, ਇਹਨਾਂ ਦੋਹਾਂ ਦੀ ਹੀ ਸੇਵਾ ਕਰਨੀ ਚਾਹੀਦੀ ਹੈ। ਸੇਵਾ ਬਿਨਾ ਕਿਸੇ ਛਲ ਜਾਂ ਕਪਟ ਨਾਲ ਕਰਨੀ ਚਾਹੀਦੀ ਹੈ, ਆਪਣੇ ਸਰੀਰ ਤੇ ਮਨ ਨੂੰ ਸਤਿਗੁਰੂ ਅੱਗੇ ਅਰਪਣ ਕਰ ਕੇ ਸਾਵਧਾਨ ਹੋ ਕੇ ਸੇਵਾ ਕਰਨੀ ਹੈ, ਸਤਿਗੁਰੂ ਦੀ ਸਿਖਿਆ ਅਨੁਸਾਰ ਕੀਤੀ ਹੋਈ ਸੇਵਾ ਹੀ ਸਫਲ ਹੋ ਸਕਦੀ ਹੈ। ਆਪਣਾ ਆਪ ਗੁਰੂ ਅੱਗੇ ਅਰਪਨ ਕਰਕੇ, ਬਿਨਾਂ ਕਾਮਨਾਂ ਦੇ ਸੇਵਾ ਕਰਨੀ ਚਾਹੀਦੀ ਹੈ, ਸਤਿਗੁਰੂ ਦੀ ਸੇਵਾ ਆਪਣੀ ਮਨ ਦੀ ਇਛਾ ਤੇ ਅੰਦਰੂਨੀ ਖ਼ੁਸ਼ੀ ਨਾਲ ਕਰਨੀ ਚਾਹੀਦੀ ਹੈ। ਸਤਿਗੁਰੂ ਦੀ ਸੇਵਾ ਨੂੰ ਸਮਝਣ ਲਈ ਤੇ ਸੇਵਾ ਨੂੰ ਕਰਨ ਲਈ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣਾ ਬਹੁਤ ਜਰੂਰੀ ਹੈ, ਇਸ ਲਈ ਗੁਰੂ ਦੇ ਸਬਦੁ ਦੀ ਵੀਚਾਰੁ ਦੁਆਰਾ ਸਦਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਦੇ ਰਹਿਣਾ ਚਾਹੀਦਾ ਹੈ।

http://www.geocities.ws/sarbjitsingh/Bani2250GurMag20160819.pdf, http://www.sikhmarg.com/2016/0821-gur-ki-seva.html, https://www.sikhbulletin.com/Bulletins/SikhBulletin2019Issue3.pdf

ਜਿਨੀ ਦੇਰ ਤਕ ਅਸੀਂ ਗੁਰਬਾਣੀ ਨੂੰ ਪੜ੍ਹਦੇ ਨਹੀਂ, ਸਮਝਦੇ ਨਹੀਂ, ਵੀਚਾਰਦੇ ਨਹੀਂ, ਤੇ ਆਪਣੇ ਜੀਵਨ ਵਿਚ ਅਮਲੀ ਰੂਪ ਨਾਲ ਅਪਨਾਂਦੇ ਨਹੀਂ, ਉਤਨੀ ਦੇਰ ਤਕ ਨਾ ਤਾਂ ਸਹੀ ਜੀਵਨ ਦੀ ਜਾਚ ਆ ਸਕਦੀ ਹੈ ਤੇ ਨਾ ਹੀ ਸਮਝ ਸਕਦੇ ਹਾਂ ਕਿ ਅਸਲੀ ਸੇਵਾ ਕੀ ਹੈ। ਸਤਿਗੁਰੂ ਦੀ ਸਿਖਿਆ ਅਨੁਸਾਰ ਕੀਤੀ ਹੋਈ ਸੇਵਾ ਹੀ ਸਫਲ ਹੋ ਸਕਦੀ ਹੈ। ਅਕਾਲ ਪੁਰਖੁ ਦੀ ਸੇਵਾ ਤਾਂ ਹੀ ਹੋ ਸਕਦੀ ਹੈ ਜੇ ਕਰ ਪੂਰੀ ਸ੍ਰਿਸ਼ਟੀ ਦੇ ਭਲੇ ਲਈ ਸੇਵਾ ਕੀਤੀ ਜਾਵੇ।

http://www.geocities.ws/sarbjitsingh